# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੌਮਾਂਤਰੀ ਸੈਮੀਨਾਰ

## ਧਾਮੀ ਨੇ ਮੌਜੂਦਾ ਸਰਕਾਰਾਂ 'ਤੇ ਜ਼ਮੀਰ ਦੀ ਆਜ਼ਾਦੀ ਖੋਹਣ ਦੇ ਦੋਸ਼ ਲਾਏ

**ਬੀ ਐੱਸ ਚਾਨਾ**

**ਸ੍ਰੀ ਆਨੰਦਪੁਰ ਸਾਹਿਬ, 20 ਨਵੰਬਰ**

ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਬਾਣੀ ਤੇ ਸ਼ਹਾਦਤ ਅਜੋਕੇ ਸੰਦਰਭ ਵਿੱਚ' ਵਿਸ਼ੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿੱਚ ਇਕ ਰੋਜ਼ਾ ਕੌਮਾਂਤਰੀ ਸੈਮੀਨਾਰ ਕਰਵਾਇਆ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਤਿਹਾਸ ਵਿਚ ਅਨੇਕਾਂ ਮਹਾਨ ਵਿਅਕਤੀਆਂ ਨੇ ਆਪਣੇ ਅਕੀਦੇ ਲਈ ਕੁਰਬਾਨੀਆਂ ਦਿੱਤੀਆਂ ਹਨ, ਪਰ ਦੂਜੇ ਧਰਮ ਦੀ ਰਾਖੀ ਲਈ ਸ਼ਹਾਦਤ ਦੇਣ ਵਾਲੀ ਮਿਸਾਲ ਸਿਰਫ ਗੁਰੂ ਤੇਗ ਬਹਾਦਰ ਨੇ ਕਾਇਮ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਅਤੇ ਜੀਵਨ



ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਹਰਜਿੰਦਰ ਸਿੰਘ ਧਾਮੀ।

ਸਾਨੂੰ ਸੰਸਾਰੀ ਅਤੇ ਰੂਹਾਨੀ ਤਾਕਤ ਦੇ ਸੁਮੇਲ ਦੀ ਰਾਹੀ ਮਨੁੱਖਤਾ ਲਈ ਜੀਣ ਦੀ ਸਿੱਖਿਆ ਦਿੰਦੇ ਹਨ। ਉਨ੍ਹਾਂ ਮੌਜੂਦਾ ਸਰਕਾਰਾਂ 'ਤੇ ਸਿੱਖਾਂ ਦੇ ਧਾਰਮਿਕ ਕਕਾਰ ਅਤੇ ਜ਼ਮੀਰ ਦੀ ਆਜ਼ਾਦੀ ਖੋਹਣ ਦੇ ਦੋਸ਼ ਵੀ ਲਗਾਏ।

ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਦੇ ਅਸਲ ਰਹਿਬਰ ਸਨ। ਉਨ੍ਹਾਂ ਕਮੇਟੀ ਨੂੰ ਅਪੀਲ ਕੀਤੀ ਕਿ ਗੁਰੂ ਸਾਹਿਬ ਦੀ ਸ਼ਤਾਬਦੀ ਸਮਾਗਮਾਂ ਉਪਰੰਤ ਵੀ ਗੁਰੂ ਸਾਹਿਬ ਦੇ ਫਲਸਫੇ ਨੂੰ ਦੁਨੀਆਂ ਭਰ ਵਿੱਚ ਸਿੱਖ ਚਿੰਤਕਾਂ ਤੇ ਵਿਚਾਰਾਂ ਵੱਲੋਂ ਪ੍ਰਚਾਰਨ ਲਈ ਸ਼੍ਰੋਮਣੀ ਕਮੇਟੀ ਨੂੰ ਹੋਰ ਯਤਨ ਕਰਨੇ ਚਾਹੀਦੇ ਹਨ।

ਡਾ. ਬਲਕਾਰ ਸਿੰਘ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਨੂੰ 'ਹਿੰਦ ਦੀ ਚਾਦਰ' ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਕੇਵਲ ਧਰਮ ਹੀ ਨਹੀਂ ਸਗੋਂ ਪੂਰੇ ਉਪ-ਮਹਾਂਦੀਪ ਦੀ ਅਸਲੀ ਸਾਂਝੀ ਹੋਂਦ ਬਚਾਈ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਦਾ ਸੀਸ ਸਿਰਫ ਇਕ ਬਲੀਦਾਨ ਨਹੀ ਸੀ, ਸਗੋਂ ਮਾਨਵਤਾ ਵਿੱਚ ਸਵੈ-ਸਨਮਾਨ ਜਗਾਉਣ ਦਾ ਪ੍ਰਤੀਕ ਸੀ। ਡਾ. ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਅਕਾਦਮਿਕ ਵਿਸ਼ਵ ਵਿੱਚ ਧਰਮ ਦੀ ਵਿਆਖਿਆ ਸਮਰਪਣ ਅਤੇ ਦ੍ਰਿੜਤਾ ਦੇ ਰੂਪ ਵਿੱਚ ਕੀਤੀ ਜਾਂਦੀ ਹੈ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਇਸ ਦੀ ਵਿਲੱਖਣ ਮਿਸਾਲ ਹੈ। ਇਸ ਮੌਕੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਾ ਰਸਾਲਾ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਰਿਲੀਜ਼ ਕੀਤਾ।

ਸੈਮੀਨਾਰ ਵਿੱਚ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਐਡਵੋਕੇਟ ਹਰਦੇਵ ਸਿੰਘ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖਾਲਸਾ ਕਾਲਜ ਵਿੱਚ ਅੰਤਰਰਾਸ਼ਟਰੀ ਸੈਮੀਨਾਰ ਅੱਜ

## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ, ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਸਮੇਤ ਨਾਮਵਰ ਵਿਦਵਾਨ ਕਰਨਗੇ ਸ਼ਿਰਕਤ

ਸ੍ਰੀ ਅਨੰਦਪੁਰ ਸਾਹਿਬ, 19 ਨਵੰਬਰ (ਸੈਣੀ ਨਿੱਕੂਵਾਲ/ ਰਾਣਾ ਹਰੀਵਾਲ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਅੱਜ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੰਤਰਰਾਸ਼ਟਰੀ ਸੈਮੀਨਾਰ ਦਾ ਆਯੋਜਨ ਹੋ ਰਿਹਾ ਹੈ। ਇਹ ਸੈਮੀਨਾਰ "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ: ਜੀਵਨ, ਬਾਣੀ ਅਤੇ ਸ਼ਹਾਦਤ - ਅਜੋਕੇ ਸੰਦਰਭ ਵਿੱਚ"ਵਿਸ਼ੇ ਤੇ ਕੇਂਦਰਿਤ ਹੋਵੇਗਾ, ਜਿਸ ਰਾਹੀਂ ਗੁਰੂ ਸਾਹਿਬ ਦੀ ਸ਼ਹਾਦਤ ਦੇ ਵਿਸ਼ਵ-ਪੱਧਰੀ ਸਿਧਾਂਤਾਂ ਨੂੰ ਆਧੁਨਿਕ ਸਮੇਂ ਨਾਲ ਜੋੜ ਕੇ ਪ੍ਰਸਤੁਤ ਕੀਤਾ ਜਾਵੇਗਾ। ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼ਿਰਕਤ ਕਰਨਗੇ। ਇਸ ਦੇ ਨਾਲ ਸਾਬਕਾ ਸਿੱਖਿਆ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ



ਆਗੂ ਡਾ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ਼੍ਰੋਮਣੀ ਕਮੇਟੀ ਮੈਬਰ ਸ. ਅਜਮੇਰ ਸਿੰਘ ਖੇੜਾ ਅਤੇ ਅੰਤਰਿੰਗ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ ਵੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਣਗੇ। ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਦੱਸਿਆ ਕਿ ਸੈਮੀਨਾਰ ਦਾ ਆਯੋਜਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਵਿੱਦਿਆ ਇੰਜੀਨੀਅਰ ਸੁਖਮਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ ਹੇਠ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੈਮੀਨਾਰ ਵਿੱਚ ਧਰਮ ਅਧਿਐਨ ਦੇ ਨਾਮਵਰ ਵਿਦਵਾਨ ਆਪਣੇ ਵਿਚਾਰ ਪ੍ਰਸਤੁਤ ਕਰਨਗੇ, ਜਿਨ੍ਹਾਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਅਨ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ, ਖਾਲਸਾ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਦੇ ਧਰਮ ਅਧਿਐਨ ਵਿਭਾਗ ਦੇ ਮੁਖੀ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਚੇਅਰ ਦੇ ਚੇਅਰਪਰਸਨ ਡਾ. ਗੁਰਮੀਤ ਸਿੰਘ ਸਿੱਧੂ ਸ਼ਾਮਲ ਹਨ। ਸੈਮੀਨਾਰ ਦੇ ਕਨਵੀਨਰ ਡਾ. ਪਰਮਜੀਤ ਕੌਰ ਨੇ ਦੱਸਿਆ ਕਿ ਇਹ ਵਿਸ਼ੇਸ਼ ਸੈਮੀਨਾਰ ਨਾ ਸਿਰਫ਼ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਦੇ ਇਤਿਹਾਸ ਨੂੰ ਨੌਜਵਾਨ ਪੀੜੀ ਤੱਕ ਪਹੁੰਚਾਉਣ ਵਿੱਚ ਮਦਦਗਾਰ ਹੋਵੇਗਾ, ਬਲਕਿ ਵਿਦਿਆਰਥੀਆਂ ਅਤੇ ਸਮਾਜ ਦੇ ਸੂਝਵਾਨ ਲੋਕਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੰਦੇਸ਼ - ਧਰਮ ਦੀ ਆਜ਼ਾਦੀ, ਮਨੁੱਖੀ ਅਧਿਕਾਰ ਅਤੇ ਨਿਡਰਤਾ - ਨੂੰ ਅਜੋਕੇ ਸਮੇਂ ਦੀਆਂ ਚੁਣੌਤੀਆਂ ਨਾਲ ਜੋੜਨ ਦਾ ਮੌਕਾ ਵੀ ਪ੍ਰਦਾਨ ਕਰੇਗਾ। ਉਹਨਾਂ ਕਿਹਾ ਕਿ ਇਸ ਸੈਮੀਨਾਰ ਵਿਚ ਸ਼ਮੂਲੀਅਤ ਕਰਨ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਦੀ ਬਾਣੀ ਦੇ ਗੂੜ੍ਹੇ ਅਰਥਾਂ, ਉਨ੍ਹਾਂ ਦੇ ਜੀਵਨ-ਦਰਸ਼ਨ ਅਤੇ ਸ਼ਹਾਦਤ ਦੇ ਵਿਸ਼ਵ-ਪੱਧਰੀ ਪ੍ਰਭਾਵ ਨੂੰ ਸਮਝਣ ਦਾ ਅਵਸਰ ਮਿਲੇਗਾ। ਇਸ ਤੋਂ ਇਲਾਵਾ, ਧਰਮ ਅਧਿਐਨ ਦੇ ਖੇਤਰ ਵਿੱਚ ਨਵੀਨਤਮ ਖੋਜਾਂ ਅਤੇ ਵਿਚਾਰਧਾਰਾਤਮਕ ਚਰਚਾਵਾਂ ਨਾਲ ਵੀ ਜਾਣ-ਪਛਾਣ ਹੋਵੇਗੀ, ਜੋ ਵਿਦਿਆਰਥੀਆਂ ਲਈ ਅਗਲੇ ਅਧਿਐਨ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਕਾਲਜ ਪ੍ਰਿੰਸੀਪਲ ਵੱਲੋਂ ਇਲਾਕੇ ਦੇ ਵਿਦਵਾਨਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਸੰਗਤ ਨੂੰ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਵਾਉਣ ਦੀ ਅਪੀਲ ਕੀਤੀ ਗਈ ਹੈ, ਤਾਂ ਜੋ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਨੂੰ ਗਹਿਰਾਈ ਨਾਲ ਸਮਝਿਆ ਜਾ ਸਕੇ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਸਮਾਜ ਵਿੱਚ ਫੈਲਾਇਆ ਜਾ ਸਕੇ।

Daily
ਮਾਲਵਾ ਬਾਣੀ




ਸ੍ਰੀ ਅਨੰਦਪੁਰ ਸਾਹਿਬ ਦੇ ਖ਼ਾਲਸਾ ਕਾਲਜ ਵਿਖੇ ਕਰਵਾਏ ਸੈਮੀਨਾਰ 'ਚ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਮੰਚ 'ਤੇ ਬਿਰਾਜਮਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ, ਸਾਬਕਾ ਕੈਬਨਿਟ ਮੰਤਰੀ ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਭਿੰਡਰ ਤੇ ਹੋਰ ਸ਼ਖ਼ਸੀਅਤਾਂ।

# ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੰਤਰ-ਰਾਸ਼ਟਰੀ ਸੈਮੀਨਾਰ

## ਦੂਜਿਆਂ ਦੇ ਅਕੀਦੇ ਦੀ ਰੱਖਿਆ ਲਈ ਸ਼ਹਾਦਤ ਦੇਣ ਵਾਲੇ ਗੁਰੂ ਤੇਗ ਬਹਾਦਰ ਜੀ ਦੁਨੀਆ ਦੇ ਇਕੋ-ਇਕ ਰਹਿਬਰ- ਐਡਵੋਕੇਟ ਧਾਮੀ

ਸ੍ਰੀ ਅਨੰਦਪੁਰ ਸਾਹਿਬ, 20 ਨਵੰਬਰ (ਜੇ ਐਸ ਨਿੱਕੂਵਾਲ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖਿਆ ਡਾਇਰੈਕਟੋਰੇਟ ਵਲੋਂ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਬਾਣੀ ਤੇ ਸ਼ਹਾਦਤ ਅਜੋਕੇ ਸੰਦਰਭ ਵਿਚ' ਵਿਸ਼ੇ 'ਤੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿਖੇ ਇਕ ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸਿੱਖ ਬੁੱਧੀਜੀਵੀ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਅਜਮੇਰ ਸਿੰਘ ਖੇੜਾ ਸਮੇਤ ਵੱਡੀ ਗਿਣਤੀ ਕਾਲਜ ਪ੍ਰੋਫੈਸਰ, ਇਲਾਕੇ ਦੇ ਵਕੀਲ ਅਤੇ ਪਤਵੰਤੇ ਸ਼ਾਮਿਲ ਹੋਏ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦਾ ਜੀਵਨ, ਗੁਰਬਾਣੀ ਤੇ ਸ਼ਹਾਦਤ ਸਾਨੂੰ ਸੰਸਾਰੀ ਤੇ ਆਤਮਿਕ ਜੀਵਨ ਦੇ ਕਲਿਆਣ ਲਈ ਸੰਸਾਰੀ ਬਲ ਤੇ ਰੂਹਾਨੀ ਬਲ ਦੀ ਸੁਮੇਲਤਾ ਵਾਲੀ ਜੁਗਤ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਹਿੰਦੋਸਤਾਨ ਦੀ ਹੋਂਦ-ਹਸਤੀ ਗੁਰੂ ਤੇਗ ਬਹਾਦਰ ਜੀ ਦੀ ਬਦੌਲਤ ਹੈ ਪਰ ਦੁੱਖ ਦੀ ਗੱਲ ਹੈ ਕਿ ਅੱਜ ਦੀਆਂ ਸਰਕਾਰਾਂ ਸਿੱਖਾਂ ਦੇ ਧਾਰਮਿਕ ਕਕਾਰ ਤੇ ਜ਼ਮੀਰ ਦੀ ਆਜ਼ਾਦੀ ਖੋਹਣ ਲਈ ਘਟੀਆ ਹਥਕੰਡੇ ਵਰਤ ਰਹੀਆਂ ਹਨ। ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੀ ਅਜੋਕੇ ਵਿਸ਼ਵ ਪ੍ਰਸੰਗ 'ਚ ਵਿਆਖਿਆ ਕਰਦਿਆਂ ਆਖਿਆ ਕਿ ਨੌਵੇਂ ਪਾਤਸ਼ਾਹ ਨੂੰ ਹਿੰਦ ਦੀ ਚਾਦਰ, ਧਰਮ ਦੀ ਚਾਦਰ, ਸ੍ਰਿਸ਼ਟ ਦੀ ਚਾਦਰ ਤੇ ਮਾਨਵਤਾ ਦੀ ਚਾਦਰ ਕਿਹਾ ਜਾਂਦਾ ਹੈ ਪਰ ਗੁਰੂ ਸਾਹਿਬ ਦੀ ਹਿੰਦੁਸਤਾਨ ਉਪ ਮਹਾਂਦੀਪ ਦੀ ਤਕਦੀਰ ਤੇ ਅਜੋਕੀ ਹੋਂਦ 'ਚ ਜੋ ਅਜ਼ੀਮ ਦੇਣ ਸੀ, ਉਸ ਦੀ ਵਿਆਪਕਤਾ ਨੂੰ ਸਮਝਣ ਤੇ ਮਹਿਸੂਸ ਕਰਨ ਲਈ ਕਵੀ ਸੰਤੋਖ ਸਿੰਘ ਦੀਆਂ ਰਚਨਾਵਾਂ ਦੀ ਬਹੁਪੱਖੀ ਵਿਆਖਿਆ ਕਰਨ ਦੀ ਲੋੜ ਹੈ। ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿਰਫ਼ ਇਕ ਸ਼ਹਾਦਤ ਹੀ ਨਹੀਂ, ਬਲਕਿ ਮਾਨਵਤਾ 'ਚ ਆਤਮ-ਸਨਮਾਨ ਪੈਦਾ ਕਰਨ ਦਾ ਇਕ ਲਾਮਿਸਾਲ ਅਦੁੱਤੀ ਅਮਲ ਵੀ ਸੀ।



ਸ੍ਰੀ ਅਨੰਦਪੁਰ ਸਾਹਿਬ ਦੇ ਖ਼ਾਲਸਾ ਕਾਲਜ ਵਿਖੇ ਸੈਮੀਨਾਰ ਵਿਚ ਬੈਠੀ ਸੰਗਤ।

ਇਸ ਮੌਕੇ ਡਾ. ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਦੁਨੀਆ ਦੇ ਅਕਾਦਮਿਕ ਤੇ ਬੌਧਿਕ ਸ਼ਬਦ-ਕੋਸ਼ ਵਿਚ ਧਰਮ ਦੀ ਵਿਆਖਿਆ ਸਮਰਪਣ, ਸਿਦਕ ਤੇ ਦ੍ਰਿੜ੍ਹਤਾ ਦੇ ਨੇਕ ਅਮਲ ਦੇ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਦੀ ਅਦੁੱਤੀ ਮਿਸਾਲ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆ 'ਚ ਜਮਹੂਰੀਅਤ ਦੇ ਰਹਿਬਰ ਸਨ, ਜਿਨ੍ਹਾਂ ਦੀ ਬਦੌਲਤ ਅੱਜ ਸੰਸਾਰ ਅੰਦਰ ਮਨੁੱਖੀ ਅਧਿਕਾਰਾਂ ਨੂੰ ਸਨਮਾਨ ਮਿਲਦਾ ਹੈ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ ਜਸਬੀਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਦਿਲਬਾਗ ਸਿੰਘ ਬਾਲਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਤਲਵਿੰਦਰ ਸਿੰਘ ਬੁੱਟਰ, ਜਥੇਦਾਰ ਮੋਹਨ ਸਿੰਘ ਡੂਮੇਵਾਲ, ਸੁਰਿੰਦਰ ਸਿੰਘ ਮਟੌਰ ਤੋਂ ਇਲਾਵਾ ਵੱਡੀ ਗਿਣਤੀ ਕਾਲਜ ਦਾ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

## 'ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਬਾਣੀ ਤੇ ਸ਼ਹਾਦਤ ਅਜੋਕੇ ਸੰਦਰਭ 'ਚ' ਵਿਸ਼ੇ 'ਤੇ ਇਕ ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ

ਪੰਜਾਬ ਟਾਇਮਜ਼ | ਖਬਰ




ਸ੍ਰੀ ਅਨੰਦਪੁਰ ਸਾਹਿਬ, 20 ਨਵੰਬਰ (ਦਵਿੰਦਰਪਾਲ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ' ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਬਾਣੀ ਤੇ ਸ਼ਹਾਦਤ ਅਜੋਕੇ ਸੰਦਰਭ ਵਿਚ' ਵਿਸ਼ੇ 'ਤੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿਖੇ ਇਕ ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸਿੱਖ ਬੁੱਧੀਜੀਵੀ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਡਾ. ਦਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ. ਅਜਮੇਰ ਸਿੰਘ ਖੇੜਾ ਸਮੇਤ ਵੱਡੀ ਗਿਣਤੀ ਕਾਲਜ ਪ੍ਰੋਫੈਸਰ, ਇਲਾਕੇ ਦੇ ਵਕੀਲ ਅਤੇ ਪਤਵੰਤੇ ਸ਼ਾਮਿਲ ਹੋਏ। ਇਸ ਮੌਕੇ ਪ੍ਰਧਾਨਗੀ ਸੰਬੋਧਨ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੁਨੀਆ ਵਿਚ ਆਪੋ-ਆਪਣੇ ਅਕੀਦੇ ਲਈ ਕੁਰਬਾਨ ਹੋਣ ਵਾਲੇ ਬੇਅੰਤ ਮਹਾਪੁਰਖ ਤੇ ਯੋਧੇ ਹੋਏ ਹਨ ਪਰ ਦੂਜਿਆਂ ਦੇ ਵਿਸ਼ਵਾਸ, ਖਾਸ ਕਰਕੇ ਉਸ ਵਿਸ਼ਵਾਸ ਵਿਚ ਖੁਦ ਸਹਿਮਤ ਨਾ ਹੁੰਦੇ ਹੋਏ ਵੀ, ਉਨ੍ਹਾਂ ਲਈ ਸ਼ਹਾਦਤ ਸਿਰਫ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਦਿੱਤੀ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਦਾ ਜੀਵਨ, ਗੁਰਬਾਣੀ ਅਤੇ ਸ਼ਹਾਦਤ ਸਾਨੂੰ ਸੰਸਾਰੀ ਤੇ ਆਤਮਿਕ ਜੀਵਨ ਦੇ ਕਲਿਆਣ ਲਈ ਸੰਸਾਰੀ ਬਲ ਤੇ ਰੂਹਾਨੀ ਬਲ ਦੀ ਸੁਮੇਲਤਾ ਵਾਲੀ ਜੁਗਤ ਦਿੰਦੇ ਹਨ। ਇਸ ਮੌਕੇ ਉੱਘੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੀ ਅਜੋਕੇ ਵਿਸ਼ਵ ਪ੍ਰਸੰਗ ਵਿਚ ਵਿਆਖਿਆ ਕਰਦਿਆਂ ਆਖਿਆ ਕਿ ਨੌਵੇਂ ਪਾਤਸ਼ਾਹ ਨੂੰ ਹਿੰਦ ਦੀ ਚਾਦਰ, ਧਰਮ ਦੀ ਚਾਦਰ, ਸ੍ਰਿਸ਼ਟ ਦੀ ਚਾਦਰ ਅਤੇ ਮਾਨਵਤਾ ਦੀ ਚਾਦਰ ਕਿਹਾ ਜਾਂਦਾ ਹੈ ਪਰ ਗੁਰੂ ਸਾਹਿਬ ਦੀ ਹਿੰਦੋਸਤਾਨ ਉਪ ਮਹਾਂਦੀਪ ਦੀ ਤਕਦੀਰ ਤੇ ਅਜੋਕੀ ਹੋਂਦ ਵਿਚ ਜੋ ਅਜ਼ੀਮ ਦੇਣ ਸੀ, ਉਸ ਦੀ ਵਿਆਪਕਤਾ ਨੂੰ ਸਮਝਣ ਤੇ ਮਹਿਸੂਸ ਕਰਨ ਲਈ ਕਵੀ ਸੰਤੋਖ ਸਿੰਘ ਦੀਆਂ ਰਚਨਾਵਾਂ ਦੀ ਬਹੁਪੱਖੀ ਵਿਆਖਿਆ ਕਰਨ ਦੀ ਲੋੜ ਹੈ। ਖ਼ਾਲਸਾ ਯੂਨੀਵਰਸਿਟੀ ਅੰਮ੍ਰਿਤਸਰ ਦੇ ਧਾਰਮਿਕ ਵਿਭਾਗ ਦੇ ਮੁਖੀ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿਰਫ ਇਕ ਸ਼ਹਾਦਤ ਹੀ ਨਹੀਂ, ਬਲਕਿ ਮਾਨਵਤਾ ਵਿਚ ਆਤਮ-ਸਨਮਾਨ ਪੈਦਾ ਕਰਨ ਦਾ ਇਕ ਲਾਮਿਸਾਲ ਅਦੁੱਤੀ ਅਮਲ ਵੀ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਿਹੜਾ ਸੀਸ ਸ੍ਰੀ ਅਨੰਦਪੁਰ ਸਾਹਿਬ ਤੋਂ ਮਾਨਵਤਾ ਦੀ ਖਾਤਰ ਦਿੱਲੀ ਗਿਆ ਸੀ, ਉਹ ਸੀਸ ਧੜ ਤੋਂ ਵੱਖ ਹੋ ਕੇ ਮੁੜ ਸ੍ਰੀ ਅਨੰਦਪੁਰ ਸਾਹਿਬ ਆਇਆ ਸੀ। ਇਸ ਵਰਤਾਰੇ ਨੇ ਮਾਨਵਤਾ ਨੂੰ ਸੀਸ ਉੱਚਾ ਕਰਕੇ ਸਵੈਮਾਣ ਨਾਲ ਜੀਣ ਦੀ ਜਾਚ ਦੱਸੀ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਚੇਅਰ ਦੇ ਮੁਖੀ ਡਾ. ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਦੁਨੀਆ ਦੇ ਅਕਾਦਮਿਕ ਤੇ ਬੌਧਿਕ ਸ਼ਬਦਕੋਸ਼ ਵਿਚ ਧਰਮ ਦੀ ਵਿਆਖਿਆ ਸਮਰਪਣ, ਸਿੱਦਕ ਅਤੇ ਦ੍ਰਿੜਤਾ ਦੇ ਨੇਕ ਅਮਲ ਦੇ ਰੂਪ ਵਿਚ ਕੀਤੀ ਜਾਂਦੀ ਹੈ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਦੀ ਅਦੁੱਤੀ ਮਿਸਾਲ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆ ਵਿਚ ਜਮਹੂਰੀਅਤ ਦੇ ਰਹਿਬਰ ਸਨ, ਜਿਨ੍ਹਾਂ ਦੀ ਬਦੌਲਤ ਅੱਜ ਸੰਸਾਰ ਅੰਦਰ ਮਨੁੱਖੀ ਅਧਿਕਾਰਾਂ ਨੂੰ ਸਨਮਾਨ ਮਿਲਦਾ ਹੈ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ ਜਸਵੀਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਦਿਲਬਾਗ ਸਿੰਘ ਬਾਲਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਸ. ਤਲਵਿੰਦਰ ਸਿੰਘ ਬੁੱਟਰ, ਜਥੇਦਾਰ ਮੋਹਨ ਸਿੰਘ ਢਾਹੇਵਾਲ, ਸ. ਸੁਰਿੰਦਰ ਸਿੰਘ ਮਟੌਰ ਅਤੇ ਵੱਡੀ ਗਿਣਤੀ ਕਾਲਜ ਸਟਾਫ ਦੇ ਵਿਦਿਆਰਥੀ ਵੀ ਹਾਜ਼ਰ ਸਨ।

‘श्री गुरु तेग बहादुर जी : जीवन, बाणी और शहादत-आज के संदर्भ में’ विषय पर अंतरराष्ट्रीय सेमिनार करवाय

# श्री गुरु तेग बहादुर जी की शहादत देती है सांसारिक और आध्यात्मिक बल के संतुलन की प्रेरणा : एडवोकेट धामी

भास्कर न्यूज़|श्रीआनंदपुर साहिब

श्री गुरु तेग बहादुर खालसा कॉलेज में श्री गुरु तेग बहादुर जी : जीवन, बाणी और शहादत-आज के संदर्भ में' विषय पर एक दिवसीय अंतरराष्ट्रीय सेमिनार करवाया गया। इसका आयोजन शिरोमणि गुरुद्वारा प्रबंधक कमेटी के डायरेक्टोरेट ऑफ एजुकेशन ने किया था। यह सेमिनार श्री गुरु तेग बहादुर जी, भाई मती दास, भाई सती दास और भाई दयाला जी के 350वें शहीदी दिवस को समर्पित था। इस अवसर पर शिरोमणि कमेटी के प्रधान एडवोकेट हरजिंदर सिंह धामी, शिअद नेता डॉ. दलजीत सिंह चीमा, सिख बुद्धिजीवी डॉ. बलकार सिंह, डॉ. इंदरजीत सिंह, कमेटी सदस्य डॉ. दिलजीत सिंह , भाई अमरजीत सिंह चावला समेत बड़ी संख्या में प्रोफेसर, वकील और गणमान्य उपस्थित हुए।

सेमिनार में एडवोकेट हरजिंदर सिंह धामी ने कहा कि दुनिया में अपने-अपने धर्म के लिए अनेक महापुरुष और





श्री गुरु तेग बहादुर खालसा कॉलेज में करवाए गए अंतरराष्ट्रीय सेमिनार में एडवोकेट धामी और मौजूद छात्र।

योद्धा शहीद हुए हैं, लेकिन दूसरों के धर्म और विश्वास की रक्षा के लिए, उस विश्वास को स्वयं न मानते हुए, शहादत केवल श्री गुरु तेग बहादुर जी ने ही दी। नौवें पातशाह का जीवन, गुरबाणी और शहादत सांसारिक और आध्यात्मिक जीवन के कल्याण हेतु सांसारिक बल और आध्यात्मिक बल के अद्भुत संतुलन की प्रेरणा देती है। उन्होंने दुख व्यक्त करते हुए कहा कि आज देश का अस्तित्व गुरु साहिब की कुर्बानी से सुरक्षित है, परन्तु आज की सरकारें सिखों के धार्मिक ककारों और जमीर की आजादी को सीमित करने के घटिया प्रयास कर रही हैं।

वहीं, सिख विद्वान डॉ. बलकार सिंह ने कहा कि गुरु तेग बहादुर जी को हिंद की चादर, धर्म की चादर, सृष्टि की चादर और मानवता की चादर कहा जाता है, लेकिन उनकी शहादत की वास्तविक समझने के लिए कवि संतोख सिंह की रचनाओं का बहुआयामी विश्लेषण आवश्यक है। उन्होंने मीरी पीरी से लेकर गुरु गोबिंद सिंह जी के संत-सिपाही स्वरूप तक गुरु तेग बहादुर जी की भूमिका को प्रमुख बताया। उन्होंने गुरु साहिब के शब्द “भै काहू को देत नाहीं, नहि भै मानत आन” को सिद्धांत के रूप में समझने पर बल दिया।

वहीं, डॉ. इंदरजीत सिंह गोगोआणी ने कहा कि गुरु जी की शहादत सिर्फ एक बलिदान नहीं, बल्कि मानवता में आत्म-सम्मान जगाने का अतुलनीय कार्य था। उन्होंने कहा कि गुरु साहिब का सिर मानवता की रक्षा के लिए आनंदपुर साहिब से दिल्ली गया और वहीं से धड़ से अलग होकर वापस आनंदपुर साहिब लाया गया यह घटित घटना मानवता को सिखाती है कि सिर ऊंचा कर के स्वाभिमान से जीना चाहिए। आज पूरी दुनिया के 161 देशों में समुदाय गुरु साहिब की शहादत मना रहा है, परंतु उन्हें शहीद करने वाले बादशाह औरंगजेब की कब्र पर आज दीया जलाने वाला भी कोई नहीं। यही दर्शाता है कि राजसत्ता के बल और आध्यात्मिक शक्ति के युद्ध में अंततः सत्य और आत्मिक बल की ही जीत होती है।

इस अवसर पर प्रिंसिपल डॉ. जसबीर सिंह, जिलाध्यक्ष जत्थेदार दिलबाग सिंह बाला, तख्त श्री

वार्षिक एथलेटिक मीट में जीते पदक 2



# दूसरों के अकीदे की रक्षा को शहादत देने वाले गुरु तेग बहादुर जी एकमात्र रहबर : धामी


## श्री गुरु तेग बहादुर जी के जीवन, बाणी और शहादत के संदर्भ में विषय पर खालसा कालेज में करवाया गया एक दिवसीय अंतरराष्ट्रीय सेमिनार

संवाद सहयोगी, जागरण ● आनंदपुर साहिब (रूपनगर): एसजीपीसी के डायरेक्टोरेट आफ एजुकेशन द्वारा गुरु तेग बहादुर जी, भाई मती दास, सती दास व भाई दयाल जी के शहीदी दिवस को समर्पित गुरु तेग बहादुर खालसा कालेज में एक दिवसीय अंतरराष्ट्रीय सेमिनार करवाया गया।

सेमिनार में एसजीपीसी के प्रधान एडवोकेट हरजिंदर धामी, शिरोमणि अकाली दल के सीनियर उपाध्यक्ष डा. दलजीत सिंह चीमा, सिख बुद्धिजीवी डा. बलकार सिंह, डा. इंद्रजीत सिंह गोगआणी, एसजीपीसी के अंतरिम कमेटी मेंबर डा. दिलजीत सिंह भिंडर, मेंबर भाई अमरजीत सिंह चालवा, अजमेर सिंह खेड़ा समेत बड़ी संख्या में कालेज प्रोफेसर, इलाके के वकील और गणमान्य शामिल हुए। प्रधान धामी ने कहा कि दुनिया में अपने अपने अकीदे के लिए कुर्बान होने वाले बेअंत महापुरुष और योद्धा हुए हैं, लेकिन दूसरे के विश्वास, खास कर उस विश्वास में खुद सहमत न होते हुए भी शहादत सिर्फ श्री गुरु तेग बहादुर जी ने ही दी। उन्होंने कहा कि नौवें पातशाह का जीवन, गुरबाणी और शहादत हमें संसारी और आत्मिक जीवन के कल्याण के लिए संसारी बल और रुहानी बल तालमेल की एक स्ट्रेटेजी देते हैं। एसजीपीसी प्रधान ने कहा कि धुर की बाणी की रचना की जो पवित्र परंपरा गुरु नानक देव जी ने शुरू की थी, उसको श्री गुरु तेग बहादुर ने पूरा किया। उन्होंने कहा कि आज भारत का अस्तित्व गुरु जी की वजह से है, लेकिन यह दुख की बात है कि आज की सरकारें सिखों की धार्मिक आजादी और जमीर को छीनने के लिए घटिया हथकंडे अपना रही हैं। सिख विद्वान डा. बलकार सिंह ने कहा कि शहादत की व्यापकता को समझने और महसूस करने के लिए कवि संतोख सिंह की रचनाओं की बहुमुखी व्याख्या करने की आवश्यकता है। डा. इंद्रजीत सिंह गोगोआनी ने कहा कि गुरु जी की शहादत सिर्फ एक शहादत नहीं थी, बल्कि इंसानियत में आत्म-सम्मान जगाने का एक अनोखा काम भी था।

डा. गुरमीत सिंह सिद्धू ने कहा कि दुनिया की एकेडमिक और बौद्धिक शब्दकोश में धर्म की व्याख्या समर्पण, सच्चाई और दृढ़ता के नेक अमल के रूप में की जाती है और गुरु जी की शहादत इसका एक अनोखा उदाहरण है। नौवें गुरु की 350 वीं शहादत दिवस को मनाते हुए उन्होंने सभी से खुद पर गौर करने की अपील की।





एसजीपीसी के शहीदी दिवस को समर्पित करवाए सेमिनार दौरान संबोधित करते हुए एसजीपीसी के प्रधान हरजिंदर सिंह धामी। (दाएं) अंतराष्ट्रीय सेमिनार दौरान उपस्थित संगत ● जागरण

# 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਕਰਵਾਇਆ ਅੰਤਰਰਾਸ਼ਟਰੀ ਸੈਮੀਨਾਰ

ਪੱਤਰ ਪ੍ਰੇਰਕ, ਪੰਜਾਬੀ ਜਾਗਰਣ • **ਸ਼੍ਰੀ ਅਨੰਦਪੁਰ ਸਾਹਿਬ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਚ ਆਯੋਜਿਤ ਕੀਤਾ ਗਿਆ। ਸਮਾਗਮ ਦਾ ਕੇਂਦਰੀ ਵਿਸ਼ਾ ਸੀ 'ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਬਾਣੀ 'ਤੇ ਸ਼ਹਾਦਤ ਅਜੋਕੇ ਸੰਦਰਭ ਵਿਚ' ਸੈਮੀਨਾਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸਿੱਖ ਚਿੰਤਕ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਕਮੇਟੀ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਭਾਈ ਅਮਰਜੀਤ ਸਿੰਘ ਚਾਵਲਾ, . ਅਜਮੇਰ ਸਿੰਘ ਖੇੜਾ ਸਮੇਤ ਵੱਡੀ ਗਿਣਤੀ ਕਾਲਜ ਪ੍ਰੋਫੈਸਰਾਂ, ਵਕੀਲਾਂ ਅਤੇ ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ।

ਗੁਰੂ ਤੇਗ ਬਹਾਦਰ ਜੀ ਮਨੁੱਖਤਾ ਦੇ ਰਹਿਬਰ ਐਡਵੋਕੇਟ ਧਾਮੀ ਆਪਣੇ ਸੰਬੋਧਨ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਤਿਹਾਸ ਵਿਚ ਬੇਅੰਤ ਮਹਾਪੁਰਖਾਂ ਨੇ ਆਪਣੀਆਂ ਧਾਰਮਿਕ ਧਾਰਣਾਵਾਂ ਲਈ ਕੁਰਬਾਨੀਆਂ ਦਿੱਤੀਆਂ, ਪਰ ਦੂਜਿਆਂ ਦੇ ਅਕੀਦੇ ਦੀ ਰੱਖਿਆ ਲਈ ਸੀਸ ਵਾਰਣ ਵਾਲਾ ਸੰਸਾਰ ਵਿਚ ਇਕੋ-ਇਕ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਹੈ।



ਇਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ ਐਡਵੋਕੇਟ ਧਾਮੀ ਅਤੇ ਨਾਲ ਖੜੇ ਪ੍ਰਿੰਸੀਪਲ ਡਾ. ਜਸਬੀਰ ਸਿੰਘ • ਪੰਜਾਬੀ ਜਾਗਰਣ

ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ, ਗੁਰਬਾਣੀ ਅਤੇ ਅਦੁੱਤੀ ਸ਼ਹਾਦਤ ਰੂਹਾਨੀ ਅਤੇ ਸੰਸਾਰੀ ਜੀਵਨ ਵਿਚ ਸੰਤੁਲਨ ਦਾ ਮਾਰਗ ਦਿਖਾਉਂਦੇ ਹਨ। ਉਨ੍ਹਾਂ ਸਰਕਾਰਾਂ ਦੀ ਨਿੰਦਿਆ ਕੀਤੀ ਜੋ ਅੱਜ ਸਿੱਖਾਂ ਦੀ ਧਾਰਮਿਕ ਪਹਿਚਾਣ ਅਤੇ ਸੋਚ ਦੀ ਆਜ਼ਾਦੀ ਖੋਹਣ ਵਾਲੇ ਹਥਕੰਡੇ ਵਰਤ ਰਹੀਆਂ ਹਨ। ਗੁਰੂ ਸ਼ਹਾਦਤ ਦੀ ਵਿਆਪਕਤਾ ਸਮਝਣ ਲਈ ਪੁਰਾਤਨ ਸਰੋਤਾਂ ਦੀ ਨਵੀਂ ਵਿਆਖਿਆ ਲਾਜ਼ਮੀ ਡਾ. ਬਲਕਾਰ ਸਿੰਘ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ, ਧਰਮ ਦੀ ਚਾਦਰ ਅਤੇ ਮਾਨਵਤਾ ਦੀ ਚਾਦਰ ਕਿਹਾ ਜਾਂਦਾ ਹੈ ਪਰ ਉਨ੍ਹਾਂ ਦੀ ਸ਼ਹਾਦਤ ਦੇ ਮਹਾਂਦਾਨ ਨੂੰ ਪੂਰੀ ਸਮਝ ਨਾਲ ਜਾਣਨ ਲਈ ਕਵੀ ਸੰਤੋਖ ਸਿੰਘ ਦੀਆਂ ਰਚਨਾਵਾਂ ਦਾ ਗਹਿਰਾ ਅਧਿਐਨ ਜ਼ਰੂਰੀ ਹੈ।

ਉਨ੍ਹਾਂ ਜ਼ੋਰ ਦਿੱਤਾ ਕਿ ਮੀਰੀ-ਪੀਰੀ ਤੋਂ ਸੰਤ-ਸਿਪਾਹੀ ਦੇ ਸੰਕਲਪ ਤੱਕ ਪਹੁੰਚਣ ਵਿੱਚ ਨੌਵੇਂ ਪਾਤਸ਼ਾਹ ਦੀ ਭੂਮਿਕਾ ਨੂੰ ਨਵੀਂ ਪਰਿਭਾਸ਼ਾ ਦੇ ਨਾਲ ਵਿਸ਼ਵ ਮੰਚ 'ਤੇ ਰੱਖਿਆ ਜਾਣਾ ਚਾਹੀਦਾ ਹੈ। ਸ਼ਹਾਦਤ ਮਾਨਵਤਾ ਦਾ ਸੀਸ ਉੱਚਾ ਕਰਨ ਵਾਲਾ ਅਮਲ ਡਾ. ਇੰਦਰਜੀਤ ਸਿੰਘ ਗੋਗੋਆਣੀ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਿਰਫ ਜ਼ੁਲਮ ਦੇ ਵਿਰੁੱਧ ਖੜ੍ਹੇ ਹੋਣ ਦਾ ਹੀ ਪ੍ਰਤੀਕ ਨਹੀਂ, ਬਲਕਿ ਮਨੁੱਖਤਾ ਵਿਚ ਆਤਮ-ਸਨਮਾਨ ਅਤੇ ਅਣਖ ਦੇ ਨਵੇਂ ਮਾਪਦੰਡ ਸਥਾਪਿਤ ਕਰਨ ਵਾਲਾ ਇਤਿਹਾਸਕ ਅਮਲ ਹੈ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਤਨ ਦੀ ਚਾਦਰ ਦੇ ਕੇ ਹਿੰਦੋਸਤਾਨ ਦੀ ਇੱਜ਼ਤ ਅਤੇ ਮਨੁੱਖੀ ਆਜ਼ਾਦੀ ਨੂੰ ਬਚਾਇਆ, ਜਦਕਿ ਉਹਨਾਂ ਨੂੰ ਸ਼ਹੀਦ ਕਰਨ ਵਾਲੇ ਔਰੰਗਜ਼ੇਬ ਦੀ ਕਬਰ 'ਤੇ ਅੱਜ ਕੋਈ ਦੀਵਾ ਜਗਾਉਣ ਵਾਲਾ ਨਹੀਂ। ਇਸ ਨਾਲ ਸਪੱਸ਼ਟ ਹੁੰਦਾ ਹੈ ਕਿ ਸੱਚ ਅਤੇ ਆਤਮਿਕ ਸ਼ਕਤੀ ਦੀ ਹੀ ਅਖ਼ੀਰ ਜਿੱਤ ਹੁੰਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਧਰਮ ਦੀ ਅਸਲ ਵਿਆਖਿਆ ਸਮਰਪਣ ਅਤੇ ਸੱਚੇ ਸਿਧਾਂਤਾਂ 'ਤੇ ਕਾਇਮ ਰਹਿਣ ਵਿਚ ਹੈ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਦੀ ਸਭ ਤੋਂ ਵੱਡੀ ਉਦਾਹਰਨ ਹੈ।

ਉਨ੍ਹਾਂ ਸਭ ਨੂੰ ਆਤਮ-ਚਿੰਤਨ ਕਰਨ ਦੀ ਅਪੀਲ ਕੀਤੀ। ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਮਨੁੱਖੀ ਅਧਿਕਾਰਾਂ ਦੇ ਪਹਿਲੇ ਰਹਿਬਰ ਹਨ, ਜਿਨ੍ਹਾਂ ਨੇ ਜਮਹੂਰੀਅਤ ਦੀ ਬੁਨਿਆਦ ਪੱਕੀ ਕੀਤੀ। ਅੱਜ ਵੀ ਜਿੱਥੇ ਜ਼ੁਲਮ ਹੋ ਰਿਹਾ ਹੈ, ਉਥੇ ਗੁਰੂ ਸਾਹਿਬ ਦੀ ਸ਼ਹਾਦਤ ਸੱਚਾਈ ਦਾ ਆਸਰਾ ਦਿੰਦੀ ਹੈ। ਸਮਾਗਮ ਵਿਚ ਕਾਲਜ ਪ੍ਰਿੰਸੀਪਲ ਡਾ. ਜਸਬੀਰ ਸਿੰਘ, ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ ਬਾਲਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਐਡਵੋਕੇਟ ਹਰਦੇਵ ਸਿੰਘ, ਤਲਵਿੰਦਰ ਸਿੰਘ ਬੁੱਟਰ, ਮੋਹਨ ਸਿੰਘ ਢੂਮੇਵਾਲ, ਸੁਰਿੰਦਰ ਸਿੰਘ ਅਤੇ ਸਟਾਫ ਮੈਂਬਰ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਕ ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ

## ਦੂਜਿਆਂ ਦੇ ਅਕੀਦੇ ਦੀ ਰੱਖਿਆ ਲਈ ਸ਼ਹਾਦਤ ਦੇਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆ ਦੇ ਇਕੋ-ਇਕ ਰਹਿਬਰ : ਐਡਵੋਕੇਟ ਧਾਮੀ

ਸ੍ਰੀ ਅਨੰਦਪੁਰ ਸਾਹਿਬ, 20 ਨਵੰਬਰ (ਦਲਜੀਤ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਇਕ ਰੋਜ਼ਾ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ





350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਇਕ ਰੋਜ਼ਾ ਸੈਮੀਨਾਰ ਦੇ ਦ੍ਰਿਸ਼ । ਦਲਜੀਤ

ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸਿੱਖ ਬੁੱਧੀਜੀਵੀ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿਗ ਕਮੇਟੀ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ. ਅਜਮੇਰ ਸਿੰਘ ਖੇੜਾ ਸਮੇਤ ਵੱਡੀ ਗਿਣਤੀ ਕਾਲਜ ਪ੍ਰੋਫੈਸਰ, ਇਲਾਕੇ ਦੇ ਵਕੀਲ ਅਤੇ ਪਤਵੰਤੇ ਸ਼ਾਮਿਲ ਹੋਏ।

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੁਨੀਆ ਵਿਚ ਆਪੋ-ਆਪਣੇ ਅਕੀਦੇ ਲਈ ਕੁਰਬਾਨ ਹੋਣ ਵਾਲੇ ਬੇਅੰਤ ਮਹਾਪੁਰਖ ਤੇ ਯੋਧੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਨੀਆ ਵਿਚ ਜਮਹੂਰੀਅਤ ਦੇ ਰਹਿਬਰ ਸਨ, ਜਿਨ੍ਹਾਂ ਦੀ ਬਦੌਲਤ ਅੱਜ ਸੰਸਾਰ ਅੰਦਰ ਮਨੁੱਖੀ ਅਧਿਕਾਰਾਂ ਨੂੰ ਸਨਮਾਨ ਮਿਲਦਾ ਹੈ।

ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਜਥੇਦਾਰ ਦਿਲਬਾਗ ਸਿੰਘ ਬਾਲਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਤਲਵਿੰਦਰ ਸਿੰਘ ਬੁੱਟਰ, ਜਥੇਦਾਰ ਮੋਹਨ ਸਿੰਘ ਢਮੇਵਾਲ, ਸੁਰਿੰਦਰ ਸਿੰਘ ਮਟੌਰ ਅਤੇ ਵੱਡੀ ਗਿਣਤੀ ਕਾਲਜ ਸਟਾਫ ਦੇ ਵਿਦਿਆਰਥੀ ਵੀ ਹਾਜ਼ਰ ਸਨ।

# दूसरों के धर्म की रक्षा के लिए शहादत देने वाले दुनिया के अकेले रहबर हैं गुरु तेग बहादुर जी : धामी

## गुरु तेग बहादुर जी के 350वें शहीदी दिवस पर शिरोमणि कमेटी द्वारा अंतरराष्ट्रीय सैमीनार आयोजित

**सवेरा न्यूज/श्री आनंदपुर साहिब, 20 नवंबर (मधु सूदन) :** शिरोमणी गुरुद्वारा प्रबंधक कमेटी के डायरेक्टोरेट ऑफ एजुकेशन द्वारा श्री गुरु तेग बहादुर जी और उनके साथ शहीद हुए भाई मती दास, भाई सती दास व भाई दयाला जी के 350वें शहीदी दिवस को समर्पित एक दिवसीय अंतरराष्ट्रीय सेमिनार श्री गुरु तेग बहादुर खालसा कॉलेज में आयोजित किया गया।

इस आयोजित कार्यक्रम की अध्यक्षता शिरोमणी कमेटी के प्रधान एडवोकेट हरजिंदर सिंह धामी ने की। उन्होंने कहा कि इतिहास में अनगिनत योद्धाओं ने अपने धर्म के लिए प्राण दिए, पर दूसरों के धर्म की रक्षा हेतु शहादत केवल गुरु तेग बहादुर जी ने ही दी। उन्होंने कहा कि नौवें पातशाह






शिरोमणी गुरुद्वारा प्रबंधक कमेटी द्वारा श्री गुरु तेग बहादुर खालसा कालेज में करवाए सैमिनार के दृश्य।

(मधु सूदन)

का जीवन और बाणी संसार को सांसारिक व आध्यात्मिक बल का संतुलन सिखाते हैं।

सिख विद्वान डॉ. बलकार सिंह और डॉ. इंदरजीत सिंह गोगोआणी ने गुरु साहिब की शहादत को मानवता, आत्मसम्मान और स्वतंत्रता की सर्वश्रेष्ठ मिसाल बताते हुए कहा कि गुरु तेग बहादुर जी की बदौलत आज दुनिया में मानवाधिकारों का सम्मान कायम है। इस दौरान पंजाबी यूनिवर्सिटी पटियाला के श्री गुरु गोबिंद सिंह चेयर के प्रमुख डॉ. गुरमीत सिंह सिद्धू ने कहा कि दुनिया के अकादमिक और बौद्धिक शब्दकोश में धर्म की व्याख्या समर्पण, सिद्धांत और एकता के नेक आचरण के रूप में की जाती है और श्री गुरु तेग बहादुर जी की शहादत उसकी अद्वितीय मिसाल है। शिरोमणि अकाली दल के वरिष्ठ उपाध्यक्ष डॉ. दलजीत सिंह चीमा ने कहा कि श्री गुरु तेग बहादुर जी दुनिया में लोकतंत्र के मार्गदर्शक थे तथा आज की दुनिया में मानवता पर जो अत्याचार हो रहे हैं, उनका मुकाबला करने के लिए गुरु तेग बहादुर जी की शहादत हमारे लिए शक्ति का स्रोत है।

इस अवसर पर श्री गुरु तेग बहादुर खालसा कॉलेज के प्रिंसिपल डॉ. जसवीर सिंह, शिरोमणि अकाली दल के जिला प्रधान जत्थेदार दिलबाग सिंह बाला, तख्त श्री केसगढ़ साहिब के मैनेजर स. गुरदीप सिंह कंग, अतिरिक्त मैनेजर एडवोकेट हरदेव सिंह, स. तलविंदर सिंह बुट्टर, जत्थेदार मोहन सिंह ढूंडेवाल तथा सुरिंदर सिंह मटौर सहित भारी संख्या में कॉलेज स्टाफ व छात्र मौजूद थे।